## "ਦਿਵਿਯਤਾ- ਸੰਗਮਯੁਗੀ ਬ੍ਰਾਹਮਣਾਂ ਦਾ ਸਿੰਗਾਰ"

ਅੱਜ ਦਿਵਿਯ ਬੁੱਧੀ ਵਿਧਾਤਾ, ਦਿਵਿਯ ਦ੍ਰਿਸ਼ਟੀ ਦਾਤਾ ਆਪਣੇ ਦਿਵਿਯ ਜਨਮਧਾਰੀ, ਦਿਵਿਯ ਆਤਮਾਵਾਂ ਨੂੰ ਵੇਖ ਰਹੇ ਹਨ। ਬਾਪਦਾਦਾ ਨੇ ਹਰ ਇੱਕ ਬੱਚੇ ਨੂੰ ਦਿਵਿਯ ਜੀਵਨ ਮਤਲਬ ਦਿਵਿਯ ਸੰਕਲਪ, ਦਿਵਿਯ ਬੋਲ, ਦਿਵਿਯ ਕਰਮ ਕਰਨ ਵਾਲੀ ਦਿਵਿਯ ਮੂਰਤੀਆਂ ਬਣਾਇਆ ਹੈ। ਦਿਵਿਯਤਾ ਤੁਸੀਂ ਸੰਗਮਯੁਗੀ ਬੱਚਿਆਂ ਦਾ ਸ੍ਰੇਸ਼ਠ ਸ਼ਿੰਗਾਰ ਹੈ। ਇੱਕ ਹੈ ਸਾਧਾਰਨਤਾ, ਦੂਸਰਾ ਹੈ ਦਿਵਿਯਤਾ। ਦਿਵਿਯਤਾ ਦੀ ਨਿਸ਼ਾਨੀ ਤੁਸੀਂ ਸਾਰੇ ਜਾਣਦੇ ਹੋ। ਦਿਵਿਯ ਜੀਵਨਧਾਰੀ ਆਤਮਾ ਕਿਸੇ ਵੀ ਆਤਮਾ ਨੂੰ ਆਪਣੇ ਦਿਵਿਯ ਨੈਣਾਂ ਦਵਾਰਾ ਮਤਲਬ ਦ੍ਰਿਸ਼ਟੀ ਦਵਾਰਾ ਸਧਾਰਨਤਾ ਤੋਂ ਪਰੇ ਦਿਵਿਯ ਅਨੁਭੂਤੀਆਂ ਕਰਾਉਣਗੀਆਂ। ਸਾਹਮਣੇ ਆਉਣ ਤੇ ਹੀ ਸਧਾਰਨ ਆਤਮਾ ਆਪਣੀ ਸਧਾਰਨਤਾ ਨੂੰ ਭੁੱਲ ਜਾਣਗੀਆਂ ਕਿਉਂਕਿ ਅੱਜਕਲ ਦੇ ਸਮੇਂ ਅਨੁਸਾਰ ਵਰਤਮਾਨ ਦੇ ਸਾਧਾਰਨ ਜੀਵਨ ਨਾਲ ਮੈਜ਼ੋਰਿਟੀ ਆਤਮਾਵਾਂ ਸੰਤੁਸ਼ਟ ਨਹੀਂ ਹਨ। ਅੱਗੇ ਚੱਲਕੇ ਇਹ ਆਵਾਜ ਸੁਣੋਗੇ ਕਿ ਇਹ ਜੀਵਨ ਕੋਈ ਜੀਵਨ ਨਹੀਂ ਹੈ, ਜੀਵਨ ਵਿੱਚ ਕੁਝ ਨਵੀਨਤਾ ਚਾਹੀਦੀ ਹੈ। "ਅਲੌਕਿਕਤਾ" "ਦਿਵਿਯਤਾ" ਜੀਵਨ ਦਾ ਵਿਸ਼ੇਸ਼ ਆਧਾਰ ਹੈ - ਇਹ ਅਨੁਭਵ ਕਰਨਗੇ। ਕੁਝ ਚਾਹੀਦਾ, ਕੁਝ ਚਾਹੀਦਾ - ਇਸ 'ਚਾਹੀਦਾ" ਦੀ ਪਿਆਸ ਨਾਲ ਚਾਰੋਂ ਪਾਸੇ ਲੱਭਣਗੇ। ਜਿਵੇਂ ਸਥੂਲ ਪਾਣੀ ਦੀ ਪਿਆਸ ਵਿੱਚ ਤੜਫਦਾ ਹੋਇਆ ਮਾਨਵ ਚਾਰੋਂ ਪਾਸੇ ਪਾਣੀ ਦੀ ਬੂੰਦ ਲਈ ਤੜਫਦਾ ਹੈ, ਇਵੇਂ ਦਿਵਿਯਤਾ ਦੀਆਂ ਪਿਆਸੀਆਂ ਆਤਮਾਵਾਂ ਚਾਰੋਂ ਪਾਸੇ ਅੰਜਲੀ ਲੈਣ ਦੇ ਲਈ ਤੜਫਦੀਆਂ ਹੋਈਆਂ ਵਿਖਾਈ ਦੇਣਗੀਆਂ। ਤੜਫਦੀਆਂ ਹੋਈਆਂ ਕਿੱਥੇ ਪਹੁੰਚਨਗੀਆਂ? ਤੁਹਾਡੇ ਸਭ ਦੇ ਕੋਲ। ਅਜਿਹੇ ਦਿਵਿਯਤਾ ਦੇ ਖਜ਼ਾਨੇ ਨਾਲ ਭਰਪੂਰ ਬਣੇ ਹੋ? ਹਰ ਵਕਤ ਦਿਵਿਯਤਾ ਅਨੁਭਵ ਹੁੰਦੀ ਹੈ ਜਾਂ ਕਦੇ ਸਾਧਾਰਨ, ਕਦੇ ਦਿਵਿਯ? ਜਦੋਂ ਬਾਪ ਨੇ ਦਿਵਿਯ ਦ੍ਰਿਸ਼ਟੀ, ਦਿਵਿਯ ਬੁੱਧੀ ਦਾ ਵਰਦਾਨ ਦੇ ਦਿੱਤਾ ਤਾਂ ਦਿਵਿਯ ਬੁੱਧੀ ਵਿੱਚ ਸਾਧਾਰਨ ਗੱਲਾਂ ਆ ਨਹੀਂ ਸਕਦੀਆਂ। ਦਿਵਿਯ ਜਨਮਧਾਰੀ ਬ੍ਰਾਹਮਣ ਤਨ ਨਾਲ ਸਾਧਾਰਨ ਕਰਮ ਕਰ ਨਹੀਂ ਸਕਦਾ। ਭਾਵੇਂ ਦੇਖਣ ਦੇ ਲਈ ਲੋਕਾਂ ਦੇ ਲਈ ਸਾਧਾਰਨ ਕਰਮ ਹੋਣ। ਦੂਜਿਆਂ ਦੀ ਤਰ੍ਹਾਂ ਤੁਸੀਂ ਸਭ ਵੀ ਵਿਵਹਾਰ ਕਰਦੇ ਹੋ, ਵਪਾਰ ਕਰਦੇ ਹੋ ਜਾਂ ਗੌਰਮਿੰਟ ਦੀ ਨੌਕਰੀ ਕਰਦੇ ਹੋ, ਮਾਤਾਵਾਂ ਖਾਣਾ ਬਣਾਉਂਦੀਆਂ ਹਨ। ਵੇਖਣ ਵਿੱਚ ਸਾਧਾਰਨ ਕਰਮ ਹਨ ਲੇਕਿਨ ਇਸ ਸਾਧਾਰਨ ਕਰਮ ਵਿੱਚ ਵੀ ਤੁਹਾਡਾ ਦੂਜੇ ਲੋਕਾਂ ਤੋਂ ਨਿਆਰਾ "ਅਲੌਕਿਕ" ਦਿਵਿਯ ਕਰਮ ਹੋਵੇ, ਮਹਾਨ ਫ਼ਰਕ ਇਸਲਈ ਸੁਣਾਇਆ ਕੀ ਦਿਵਿਯ ਜਨਮਧਾਰੀ ਬ੍ਰਾਹਮਣ ਤਨ ਨਾਲ ਸਾਧਾਰਨ ਕਰਮ ਨਹੀਂ ਕਰਦੇ, ਮਨ ਨਾਲ ਸਾਧਾਰਨ ਸੰਕਲਪ ਨਹੀਂ ਕਰ ਸਕਦੇ, ਧਨ ਨੂੰ ਸਧਾਰਨ ਤਰ੍ਹਾਂ ਨਾਲ ਕੰਮ ਵਿੱਚ ਨਹੀਂ ਲਗਾ ਸਕਦੇ ਕਿਉਂਕਿ ਤਨ, ਮਨ ਅਤੇ ਧਨ - ਤਿੰਨਾਂ ਦੇ ਟਰੱਸਟੀ ਹੋ, ਇਸਲਈ ਮਾਲਿਕ ਬਾਪ ਦੀ ਸ਼੍ਰੀਮਤ ਦੇ ਬਿਨਾਂ ਕੰਮ ਵਿੱਚ ਨਹੀਂ ਲਗਾ ਸਕਦੇ। ਹਰ ਸਮੇਂ ਬਾਪ ਦੀ ਸ਼੍ਰੀਮਤ ਦਿਵਿਯ ਕਰਮ ਕਰਨ ਦੀ ਮਿਲਦੀ ਹੈ। ਇਸਲਈ ਚੈਕ ਕਰੋ ਸਾਰੇ ਦਿਨ ਵਿੱਚ ਸਾਧਾਰਨ ਬੋਲ ਅਤੇ ਕਰਮ ਕਿੰਨੀ ਦੇਰ ਰਿਹਾ ਅਤੇ ਦਿਵਿਯ ਅਲੌਕਿਕ ਕਿੰਨੀ ਦੇਰ ਰਿਹਾ? ਕਈ ਬੱਚੇ ਕਿਤੇ - ਕਿਤੇ ਬਹੁਤ ਭੋਲੇ ਬਣ ਜਾਂਦੇ ਹਨ। ਚੈਕ ਕਰਦੇ ਹਨ ਪਰ ਭੋਲੇਪਨ ਵਿੱਚ। ਸਮਝਦੇ ਹਨ - ਸਾਰੇ ਦਿਨ ਵਿੱਚ ਕੋਈ ਵਿਸ਼ੇਸ਼ ਗਲਤੀ ਤੇ ਨਹੀਂ ਕੀਤੀ, ਬੁਰਾ ਸੋਚਿਆ ਨਹੀਂ, ਬੁਰਾ ਬੋਲਿਆ ਨਹੀਂ। ਲੇਕਿਨ ਇਹ ਚੈਕ ਕੀਤਾ ਦਿਵਿਯ ਜਾਂ ਅਲੌਕਿਕ ਕਰਮ ਕੀਤਾ? ਕਿਉਂਕਿ ਸਾਧਾਰਨ ਬੋਲ ਜਾਂ ਕਰਮ ਜਮਾਂ ਨਹੀਂ ਹੁੰਦਾ, ਨਾ ਮਿਟਦਾ ਹੈ, ਨਾ ਬਣਦਾ ਹੈ। ਵਰਤਮਾਨ ਦਾ ਦਿਵਿਯ ਸੰਕਲਪ ਜਾਂ ਦਿਵਿਯ ਬੋਲ ਅਤੇ ਕਰਮ ਭਵਿੱਖ ਦਾ ਜਮਾਂ ਕਰਦਾ ਹੈ। ਜਮਾਂ ਦਾ ਖਾਤਾ ਵੱਧਦਾ ਨਹੀਂ ਹੈ, ਤਾਂ ਜਮਾਂ ਕਰਨ ਦੇ ਹਿਸਾਬ ਵਿੱਚ ਭੋਲੇ ਬਣ ਜਾਂਦੇ ਹਨ, ਖੁਸ਼ ਰਹਿੰਦੇ ਹਨ ਕਿ ਮੈਂ ਵੇਸਟ ਨਹੀਂ ਕੀਤਾ। ਲੇਕਿਨ ਸਿਰ੍ਫ ਇਸ ਵਿੱਚ ਖੁਸ਼ ਨਹੀਂ ਰਹਿਣਾ ਹੈ। ਵੇਸਟ ਨਹੀਂ ਕੀਤਾ ਲੇਕਿਨ ਬੈਸਟ ਕਿੰਨਾਂ ਬਣਾਇਆ? ਕਈ ਵਾਰ ਬੱਚੇ ਕਹਿੰਦੇ ਹਨ - ਮੈਂ ਅੱਜ ਕਿਸੇ ਨੂੰ ਦੁੱਖ ਨਹੀਂ ਦਿੱਤਾ। ਲੇਕਿਨ ਸੁਖ ਵੀ ਦਿੱਤਾ? ਦੁਖ ਨਹੀਂ ਦਿੱਤਾ - ਇਸ ਨਾਲ ਵਰਤਮਾਨ ਚੰਗਾ ਬਣਾਇਆ। ਲੇਕਿਨ ਸੁਖ ਦੇਣ ਨਾਲ ਜਮਾਂ ਹੁੰਦਾ ਹੈ। ਉਹ ਕੀਤਾ ਜਾਂ ਸਿਰ੍ਫ ਵਰਤਮਾਨ ਵਿੱਚ ਹੀ ਖੁਸ਼ ਹੋ ਗਏ? ਸੁਖਦਾਤਾ ਦੇ ਬੱਚੇ ਸਿਰ੍ਫ ਸੁਖ ਦਾ ਖਾਤਾ ਜਮਾਂ ਕਰਦੇ। ਸਿਰ੍ਫ ਇਹ ਨਹੀਂ ਚੈਕ ਕਰੋ ਕਿ ਦੁਖ ਨਹੀਂ ਦਿੱਤਾ ਪਰ ਸੁਖ ਕਿੰਨਾਂ ਦਿੱਤਾ? ਜੋ ਵੀ ਸੰਪਰਕ ਵਿੱਚ ਆਵੇ ਮਾਸਟਰ ਸੁਖਦਾਤਾ ਦਵਾਰਾ ਹਰ ਕਦਮ ਵਿੱਚ ਸੁਖ ਦੀ ਅਨੁਭੂਤੀ ਕਰੇ। ਇਸਨੂੰ ਕਿਹਾ ਜਾਂਦਾ ਹੈ ਦਿਵਿਯਤਾ ਜਾਂ ਅਲੌਕਿਕਤਾ। ਤਾਂ ਚੈਕਿੰਗ ਵੀ ਸਾਧਾਰਨ ਤੋਂ ਗੂਹੀਏ ਚੈਕਿੰਗ ਕਰੋ। ਹਰ ਸਮੇਂ ਇਹ ਸਮ੍ਰਿਤੀ ਰੱਖੋ ਕਿ ਇੱਕ ਜਨਮ ਵਿੱਚ 21 ਜਨਮਾਂ ਦਾ ਖਾਤਾ ਜਮਾਂ ਕਰਨਾ ਹੈ। ਤਾਂ ਸਾਰੇ ਖਾਤੇ ਚੈਕ ਕਰੋ - ਤਨ ਨਾਲ ਕਿੰਨਾਂ ਜਮਾਂ ਕੀਤਾ? ਮਨ ਦੇ ਦਿਵਿਯ ਸੰਕਲਪ ਨਾਲ ਕਿੰਨਾਂ ਜਮਾਂ ਕੀਤਾ? ਅਤੇ ਧਨ ਨੂੰ ਸ਼੍ਰੀਮਤ ਪ੍ਰਮਾਣ ਸ੍ਰੇਸ਼ਠ ਕੰਮ ਵਿੱਚ ਲਗਾਕੇ ਕਿੰਨਾਂ ਜਮਾਂ ਕੀਤਾ? ਜਮਾਂ ਦੇ ਖਾਤੇ ਵੱਲ ਵਿਸ਼ੇਸ਼ ਅਟੈਂਸ਼ਨ ਦਵੋ ਕਿਉਂਕਿ ਤੁਹਾਡਾ ਵਿਸ਼ੇਸ਼ ਆਤਮਾਵਾਂ ਦਾ ਜਮਾਂ ਕਰਨ ਦਾ ਸਮਾਂ ਇਸ ਛੋਟੇ ਜਿਹੇ ਜਨਮ ਦੇ ਸਿਵਾਏ ਸਾਰੇ ਕਲਪ ਵਿੱਚ ਕੋਈ ਸਮਾਂ ਨਹੀਂ ਹੈ। ਹੋਰ ਆਤਮਾਵਾਂ ਦਾ ਹਿਸਾਬ ਵੱਖ ਹੈ। ਲੇਕਿਨ ਤੁਸੀਂ ਸ੍ਰੇਸ਼ਠ ਆਤਮਾਵਾਂ ਦੇ ਲਈ - "ਹੁਣ ਨਹੀਂ ਤਾਂ ਕਦੇ ਨਹੀਂ"। ਤਾਂ ਸਮਝਿਆ ਕੀ ਕਰਨਾ ਹੈ? ਇਸ ਵਿੱਚ ਭੋਲੇ ਨਹੀਂ ਬਣੋ। ਪੁਰਾਣੇ ਸੰਸਕਾਰਾਂ ਵਿੱਚ ਭੋਲੇ ਨਾ ਬਣੋ। ਬਾਪਦਾਦਾ ਨੇ ਰਿਜ਼ਲਟ ਵੇਖੀ। ਕਿੰਨੀਆਂ ਗੱਲਾਂ ਦੀ ਰਿਜ਼ਲਟ ਵਿੱਚ ਜਮਾਂ ਦਾ ਖਾਤਾ ਬਹੁਤ ਘੱਟ ਹੈ, ਉਸਦਾ ਵਿਸਤਾਰ ਫਿਰ ਸੁਣਾਵਾਂਗੇ।

ਸਾਰੇ ਸਨੇਹ ਵਿੱਚ ਸਭ ਕੁਝ ਭੁੱਲਾ ਕੇ ਪਹੁੰਚ ਗਏ ਹੋ। ਬਾਪਦਾਦਾ ਵੀ ਬੱਚਿਆਂ ਦਾ ਸਨੇਹ ਵੇਖ ਇੱਕ ਘੜੀ ਦੇ ਸਨੇਹ ਦਾ ਰਿਟਰਨ

ਅਨੇਕ ਘੜੀਆਂ ਦੀ ਪ੍ਰਾਪਤੀ ਦਾ ਦਿੰਦਾ ਹੀ ਰਹਿੰਦਾ ਹੈ। ਤੁਹਾਨੂੰ ਸਭ ਨੂੰ ਇਨ੍ਹੇ ਵੱਡੇ ਸੰਗਠਨ ਵਿੱਚ ਆਉਣ ਦੇ ਲਈ ਕੀ - ਕੀ ਪੱਕਾ ਕਰਵਾਇਆ? ਪਹਿਲਾਂ ਤਾਂ ਪਟਰਾਣੀ ਬਣਨਾ ਪਵੇਗਾ। 4 ਦਿਨ ਹੀ ਰਹਿਣਾ ਪਵੇਗਾ। ਆਉਣਾ - ਜਾਣਾ ਹੀ ਪਵੇਗਾ। ਤਾਂ ਸਭ ਗੱਲਾਂ ਸੁਣਦੇ ਹੋਏ ਵੀ ਸਨੇਹ ਵਿੱਚ ਪਹੁੰਚ ਗਏ। ਇਹ ਵੀ ਆਪਣਾ ਲੱਕ ਸਮਝੋ ਜੋ ਇਤਨਾ ਵੀ ਮਿਲ ਰਿਹਾ ਹੈ ਫਿਰ ਵੀ ਜੜ੍ਹ ਮੂਰਤੀਆਂ ਦੇ ਦਰਸ਼ਨ ਦੇ ਸਮਾਣ ਖੜ੍ਹੇ - ਖੜ੍ਹੇ ਰਾਤ ਤੇ ਨਹੀਂ ਬਿਤਾਉਂਦੇ ਹੋ ਨਾ। ਤਿੰਨ ਪੈਰ ਧਰਤੀ ਤਾਂ ਸਭ ਨੂੰ ਮਿਲੀ ਹੈ ਨਾ। ਇੱਥੇ ਵੀ ਆਰਾਮ ਨਾਲ ਬੈਠੇ ਹੋ। ਜਦੋਂ ਅੱਗੇ ਵ੍ਰਿਧੀ ਹੋਵੇਗੀ ਤਾਂ ਆਪੇ ਹੀ ਵਿੱਧੀ ਵੀ ਬਦਲਦੀ ਰਹੇਗੀ। ਲੇਕਿਨ ਸਦੈਵ ਇਹ ਅਨੁਭਵ ਕਰੋ ਜੋ ਵੀ ਮਿਲ ਰਿਹਾ ਹੈ, ਉਹ ਬਹੁਤ ਚੰਗਾ ਹੈ ਕਿਉਂਕਿ ਵ੍ਰਿਧੀ ਤੇ ਹੋਣੀ ਹੀ ਹੈ ਅਤੇ ਪਰਿਵਰਤਨ ਵੀ ਹੋਣਾ ਹੀ ਹੈ। ਤਾਂ ਸਭ ਨੂੰ ਆਰਾਮ ਨਾਲ ਰਹਿਣਾ - ਖਾਣਾ ਮਿਲ ਰਿਹਾ ਹੈ ਨਾ। ਖਾਣਾ ਅਤੇ ਸੋਨਾ 2 ਚੀਜਾਂ ਹੀ ਚਾਹੀਦੀਆਂ ਹਨ। ਮਾਤਾਵਾਂ ਨੂੰ ਤੇ ਬਹੁਤ ਖੁਸ਼ੀ ਹੁੰਦੀ ਹੈ ਕਿਉਂਕਿ ਬਣਿਆ - ਬਣਾਇਆ ਭੋਜਣ ਇੱਥੇ ਮਿਲਦਾ ਹੈ। ਉੱਥੇ ਤਾਂ ਬਨਾਓ, ਭੋਗ ਲਗਾਓ - ਫਿਰ ਖਾਓ। ਇੱਥੇ ਬਣਿਆ ਹੋਇਆ, ਭੋਗ ਲੱਗਿਆ ਹੋਇਆ ਭੋਜਣ ਮਿਲਦਾ ਹੈ। ਇਸਲਈ ਮਾਤਾਵਾਂ ਨੂੰ ਤੇ ਚੰਗਾ ਆਰਾਮ ਹੈ। ਕੁਮਾਰਾਂ ਨੂੰ ਵੀ ਆਰਾਮ ਮਿਲਦਾ ਹੈ ਕਿਉਂਕਿ ਉਨ੍ਹਾਂ ਦੇ ਲਈ ਵੀ ਵੱਡੀ ਪ੍ਰੋਬਲਮ ਖਾਣਾ ਬਣਾਉਣ ਦੀ ਹੈ। ਇੱਥੇ ਤਾਂ ਆਰਾਮ ਨਾਲ ਬਣਿਆ ਹੋਇਆ ਭੋਜਣ ਖਾਇਆ ਨਾ। ਸਦਾ ਇਵੇਂ ਹੀ ਇਜ਼ੀ ਰਹੋ। ਜਿੰਨ੍ਹਾਂ ਦੇ ਸੰਸਕਾਰ ਇਜ਼ੀ ਰਹਿਣ ਦੇ ਹੁੰਦੇ ਹਨ, ਉਨ੍ਹਾਂ ਨੂੰ ਹਰ ਕੰਮ ਸਹਿਜ ਅਨੁਭਵ ਹੋਣ ਦੇ ਕਾਰਨ ਇਜ਼ੀ ਰਹਿੰਦੇ ਹਨ। ਸੰਸਕਾਰ ਟਾਈਟ ਹੋਣ ਤਾਂ ਸਰਕਮਸਟਾਂਸਿਜ ਵੀ ਟਾਈਟ ਹੋ ਜਾਂਦੇ ਹਨ, ਸੰਬੰਧ - ਸੰਪਰਕ ਵਾਲੇ ਵੀ ਟਾਈਟ ਵਿਵਹਾਰ ਕਰਦੇ ਹਨ। ਟਾਈਟ ਮਤਲਬ ਖਿੱਚਾਤਾਨੀ ਵਿੱਚ ਰਹਿਣ ਵਾਲੇ। ਤਾਂ ਸਾਰੇ ਡਰਾਮੇ ਦੇ ਹਰ ਦ੍ਰਿਸ਼ ਨੂੰ ਵੇਖ - ਵੇਖ ਹਰਸ਼ਿਤ ਰਹਿਣ ਵਾਲੇ ਹੋ ਨਾ। ਜਾਂ ਕਦੇ ਚੰਗੇ - ਬੁਰੇ ਦੇ ਆਕਰਸ਼ਣ ਵਿੱਚ ਆ ਜਾਂਦੇ ਹੋ? ਨਾ ਚੰਗੇ ਵਿੱਚ, ਨਾ ਬੁਰੇ ਵਿੱਚ - ਕਿਸੇ ਵਿੱਚ ਆਕਰਸ਼ਿਤ ਨਹੀਂ ਹੋਣਾ ਹੈ, ਸਦਾ ਹਰਸ਼ਿਤ ਰਹਿਣਾ ਹੈ। ਚੰਗਾ।

ਸਦਾ ਹਰ ਕਦਮ ਵਿੱਚ ਦਿਵਿਯਤਾ ਅਨੁਭਵ ਕਰਨ ਵਾਲੇ ਅਤੇ ਕਰਵਾਉਣ ਵਾਲੇ ਦਿਵਿਯ ਮੂਰਤੀਆਂ ਨੂੰ, ਸਦਾ ਆਪਣੇ ਜਮਾਂ ਦੇ ਖਾਤੇ ਨੂੰ ਵਧਾਉਣ ਵਾਲੇ ਨਾਲੇਜਫੁਲ ਆਤਮਾਵਾਂ ਨੂੰ, ਸਦਾ ਹਰ ਸਮੱਸਿਆ ਨੂੰ ਇਜ਼ੀ ਸਥਿਤੀ ਦਵਾਰਾ ਇਜ਼ੀ ਪਾਰ ਕਰਨ ਵਾਲੇ - ਅਜਿਹੇ ਸਮਝਦਾਰ ਬੱਚਿਆਂ ਨੂੰ, ਅਨੇਕ ਆਤਮਾਵਾਂ ਦੇ ਜੀਵਨ ਦੀ ਪਿਆਸ ਬੁਝਾਉਣ ਵਾਲੇ ਮਾਸਟਰ ਗਿਆਨ ਸਾਗਰ ਸ੍ਰੇਸ਼ਠ ਆਤਮਾਵਾਂ ਨੂੰ, ਗਿਆਨ ਸਾਗਰ ਬਾਪਦਾਦਾ ਦਾ ਯਾਦਪਿਆਰ ਅਤੇ ਨਮਸਤੇ।

ਬੋਮਬੇ ਗ੍ਰੁਪ:- ਬੋਮਬੇ ਨਿਵਾਸੀ ਬੱਚੇ ਸ੍ਰਵ ਖਜ਼ਾਨਿਆਂ ਨਾਲ ਸੰਪੰਨ ਹੋ ਨਾ। ਸਦਾ ਆਪਣੇ ਨੂੰ ਸੰਪੰਨ ਆਤਮਾ ਹਾਂ - ਅਜਿਹਾ ਅਨੁਭਵ ਕਰਦੇ ਹੋ ਨਾ? ਸੰਪੰਨਤਾ, ਸੰਪੂਰਨਤਾ ਦੀ ਨਿਸ਼ਾਨੀ ਹੈ। ਸੰਪੂਰਨਤਾ ਦੀ ਚੈਕਿੰਗ ਆਪਣੀ ਸੰਪੰਨਤਾ ਨਾਲ ਕਰ ਸਕਦੇ ਹੋ ਕਿਉਂਕਿ ਸੰਪੂਰਨਤਾ ਮਾਨਾ ਸ੍ਰਵ ਖਜ਼ਾਨਿਆਂ ਨਾਲ ਫੁਲ ਹੋਣਾ। ਜਿਵੇਂ ਚੰਦਰਮਾ ਜਦੋਂ ਸੰਪੰਨ ਹੁੰਦਾ ਹੈ ਤਾਂ ਸੰਪੰਨਤਾ ਉਸਦੀ ਸੰਪੂਰਨਤਾ ਦੀ ਨਿਸ਼ਾਨੀ ਹੁੰਦੀ ਹੈ। ਇਸ ਤੋਂ ਹੋਰ ਅੱਗੇ ਨਹੀਂ ਵਧੇਗਾ, ਬਸ ਇਤਨੀ ਹੀ ਸੰਪੂਰਨਤਾ ਹੈ। ਜਰਾ ਵੀ ਕਿਨਾਰੀ ਘੱਟ ਨਹੀਂ ਹੁੰਦੀ ਹੈ, ਸੰਪੰਨ ਹੁੰਦਾ ਹੈ। ਤਾਂ ਤੁਸੀਂ ਸਾਰੇ ਗਿਆਨ, ਯੋਗ, ਧਾਰਨਾ, ਸੇਵਾ - ਸਭ ਵਿੱਚ ਸੰਪੰਨ, ਇਸ ਨੂੰ ਹੀ ਸੰਪੂਰਨਤਾ ਕਿਹਾ ਜਾਂਦਾ ਹੈ। ਇਸ ਤੋਂ ਜਾਣ ਸਕਦੇ ਹੋ ਕਿ ਸੰਪੂਰਨਤਾ ਦੇ ਨੇੜ੍ਹੇ ਹਾਂ ਜਾਂ ਦੂਰ ਹਾਂ! ਸੰਪੰਨ ਹੋ ਮਤਲਬ ਸੰਪੂਰਨਤਾ ਦੇ ਨੇੜ੍ਹੇ ਹੋ। ਤਾਂ ਸਾਰੇ ਨੇੜ੍ਹੇ ਹੋ? ਕਿੰਨੇਂ ਨੇੜ੍ਹੇ ਹੋ? 8 ਤੱਕ, 100 ਤੱਕ ਜਾਂ 16000 ਤੱਕ। 8 ਦੀ ਸਮੀਪਤਾ, ਫਿਰ 100 ਦੀ ਸਮੀਪਤਾ ਅਤੇ ਫਿਰ 16000 ਦੀ ਸਮੀਪਤਾ। ਕਿੰਨੇਂ ਸਮੀਪਤਾ ਵਾਲੇ ਹੋ - ਇਹ ਹੀ ਚੈਕ ਕਰਨਾ ਹੈ। ਚੰਗਾ ਹੈ। ਫਿਰ ਵੀ ਦੁਨੀਆਂ ਦੇ ਕੋਟਾਂ ਤੋਂ ਤੁਸੀਂ ਬਹੁਤ - ਬਹੁਤ ਭਾਗਵਾਨ ਹੋ। ਉਹ ਤੜਫਣ ਵਾਲੇ ਹਨ ਅਤੇ ਤੁਸੀਂ ਸੰਪੰਨ ਆਤਮਾਵਾਂ ਹੋ। ਪ੍ਰਾਪਤੀ ਸ੍ਵਰੂਪ ਆਤਮਾਵਾਂ ਹੋ। ਇਹ ਖੁਸ਼ੀ ਹੈ ਨਾ। ਰੋਜ਼ ਆਪਣੇ ਨਾਲ ਗੱਲ ਕਰੋ ਕਿ ਸਾਡੇ ਇਲਾਵਾ ਹੋਰ ਕੌਣ ਖੁਸ਼ ਰਹਿ ਸਕਦਾ ਹੈ? ਤਾਂ ਇਹ ਹੀ ਵਰਦਾਨ ਸਦਾ ਯਾਦ ਵਿੱਚ ਰੱਖਣਾ ਕਿ ਨੇੜ੍ਹੇ ਹਾਂ, ਸੰਪੰਨ ਹਾਂ। ਹੁਣ ਤਾਂ ਸਮੀਪ ਮਿਲਣਾ ਵੀ ਹੋ ਗਿਆ। ਜਿਵੇਂ ਸਥੂਲ ਵਿੱਚ ਚੰਗਾ ਲਗਦਾ ਹੈ, ਉਵੇਂ ਸਥਿਤੀ ਵਿੱਚ ਵੀ ਸਦਾ ਨੇੜ੍ਹੇ ਮਤਲਬ ਸਦਾ ਸੰਪੰਨ ਬਣੋ। ਅੱਛਾ।

ਗੁਜਰਾਤ - ਪੂਨਾ ਗ੍ਰੁਪ :- ਸਾਰੇ ਦ੍ਰਿਸ਼ਟੀ ਦਵਾਰਾ ਸ਼ਕਤੀਆਂ ਦੇ ਪ੍ਰਾਪਤੀ ਦੀ ਅਨੁਭੂਤੀ ਕਰਨ ਦੇ ਅਨੁਭਵੀ ਹੋ ਨਾ। ਜਿਵੇਂ ਵਾਣੀ ਦਵਾਰਾ ਸ਼ਕਤੀ ਦੀ ਅਨੁਭੂਤੀ ਕਰਦੇ ਹੋ। ਮੁਰਲੀ ਸੁਣਦੇ ਹੋ ਤਾਂ ਸਮਝਦੇ ਹੋ ਨਾ - ਸ਼ਕਤੀ ਮਿਲੀ। ਇਵੇਂ ਦ੍ਰਿਸ਼ਟੀ ਦਵਾਰਾ ਸ਼ਕਤੀਆਂ ਦੀ ਪ੍ਰਾਪਤੀ ਦੇ ਅਨੁਭੂਤੀ ਦੇ ਅਭਿਆਸੀ ਬਣੇ ਹੋ ਜਾਂ ਵਾਣੀ ਦਵਾਰਾ ਅਨੁਭਵ ਹੁੰਦਾ ਹੈ, ਦ੍ਰਿਸ਼ਟੀ ਦਵਾਰਾ ਘੱਟ? ਦ੍ਰਿਸ਼ਟੀ ਦਵਾਰਾ ਸ਼ਕਤੀ ਕੈਚ ਕਰ ਸਕਦੇ ਹੋ? ਕਿਉਂਕਿ ਕੈਚ ਕਰਨ ਦੇ ਅਭਿਆਸੀ ਹੋਵੋਗੇ ਤਾਂ ਦੂਸਰਿਆਂ ਨੂੰ ਵੀ ਆਪਣੀ ਦ੍ਰਿਸ਼ਟੀ ਦਵਾਰਾ ਅਨੁਭਵ ਕਰਵਾ ਸਕਦੇ ਹੋ। ਅੱਗੇ ਚੱਲਕੇ ਵਾਣੀ ਦਵਾਰਾ ਸਭਨੂੰ ਪਰਿਚੈ ਦੇਣ ਦਾ ਸਮਾਂ ਵੀ ਨਹੀਂ ਹੋਵੇਗਾ ਅਤੇ ਸਰਕਮਸਟਾਂਸਿਜ ਵੀ ਨਹੀਂ ਹੋਣਗੇ ਤਾਂ ਕੀ ਕਰੋਗੇ? ਵਰਦਾਨੀ ਦ੍ਰਿਸ਼ਟੀ ਦਵਾਰਾ, ਮਹਾਦਾਨੀ ਦ੍ਰਿਸ਼ਟੀ ਦਵਾਰਾ, ਮਹਾਦਾਨ, ਵਰਦਾਨ ਦੇਣਗੇ। ਦ੍ਰਿਸ਼ਟੀ ਦਵਾਰਾ ਸ਼ਾਂਤੀ ਦੀ ਸ਼ਕਤੀ, ਪ੍ਰੇਮ ਦੀ ਸ਼ਕਤੀ - ਸੁਖ ਅਤੇ ਆਨੰਦ ਦੀ ਸ਼ਕਤੀ ਸਭ ਪ੍ਰਾਪਤ ਹੁੰਦੀ ਹੈ। ਜੜ੍ਹ ਮੂਰਤੀਆਂ ਦੇ ਅੱਗੇ ਜਾਂਦੇ ਹਨ ਤਾਂ ਜੜ੍ਹ ਮੂਰਤੀ ਬੋਲਦੀ ਤੇ ਨਹੀਂ ਹੈ ਨਾ। ਫਿਰ ਵੀ ਭਗਤ ਆਤਮਾਵਾਂ ਨੂੰ ਕੁਝ ਨਾ ਕੁਝ ਪ੍ਰਾਪਤੀ ਹੁੰਦੀ ਹੈ ਤਾਂ ਤੇ ਜਾਂਦੇ ਹਨ ਨਾ। ਕਿਵੇਂ ਪ੍ਰਾਪਤੀ ਹੁੰਦੀ ਹੈ? ਉਨ੍ਹਾਂ ਦੇ ਦਿਵਿਯਤਾ ਦੇ ਵਾਇਬ੍ਰੇਸ਼ਨਜ਼ ਨਾਲ ਅਤੇ ਦਿਵਿਯ ਨੈਣਾਂ ਦੀ ਦ੍ਰਿਸ਼ਟੀ ਨੂੰ ਵੇਖ ਵਾਇਬ੍ਰੇਸ਼ਨ ਲੈਂਦੇ ਹਨ। ਕੋਈ ਵੀ ਦੇਵਤਾ ਜਾਂ ਦੇਵੀ ਦੀ ਮੂਰਤੀ ਵਿੱਚ ਵਿਸ਼ੇਸ਼ ਅਟੈਂਸ਼ਨ ਨੈਣਾਂ ਵੱਲ ਵੇਖਣਗੇ। ਫੇਸ ( ਚਿਹਰੇ) ਵੱਲ ਅਟੈਂਸ਼ਨ ਜਾਂਦਾ ਹੈ ਕਿਉਂਕਿ ਮਸਤੱਕ ਦੇ ਦਵਾਰਾ ਵਾਇਬ੍ਰੇਸ਼ਨ ਮਿਲਦਾ ਹੈ, ਨੈਣਾਂ ਦਵਾਰਾ ਦਿਵਿਯਤਾ ਦੀ ਅਨੁਭੂਤੀ ਹੁੰਦੀ ਹੈ। ਉਹ ਤੇ ਹਨ ਜੜ੍ਹ ਮੂਰਤੀਆਂ। ਪਰ ਕਿਸ ਦੀਆਂ ਹਨ? ਤੁਸੀਂ ਚੈਤੰਨ ਮੂਰਤੀਆਂ ਦੀਆਂ ਜੜ੍ਹ ਮੂਰਤਆਂ ਹਨ। ਇਹ ਨਸ਼ਾ ਹੈ ਕਿ ਸਾਡੀਆਂ ਮੂਰਤੀਆਂ ਹਨ? ਚੈਤੰਨ ਵਿੱਚ ਇਹ ਸੇਵਾ ਕੀਤੀ ਹੈ ਤਾਂ ਜੜ੍ਹ

ਮੂਰਤੀਆਂ ਬਣੀਆਂ ਹਨ। ਤਾਂ ਦ੍ਰਿਸ਼ਟੀ ਦਵਾਰਾ ਸ਼ਕਤੀ ਲੈਣਾ ਅਤੇ ਦ੍ਰਿਸ਼ਟੀ ਦਵਾਰਾ ਸ਼ਕਤੀ ਦੇਣਾ, ਇਹ ਪ੍ਰੈਕਟਿਸ ਕਰੋ। ਸ਼ਾਂਤੀ ਦੇ ਸ਼ਕਤੀ ਦੀ ਅਨੁਭੂਤੀ ਬਹੁਤ ਸ੍ਰੇਸ਼ਠ ਹੈ। ਜਿਵੇਂ ਵਰਤਮਾਨ ਸਮੇਂ ਸਾਇੰਸ ਦੀ ਸ਼ਕਤੀ ਦਾ ਕਿੰਨਾਂ ਪ੍ਰਭਾਵ ਹੈ, ਹਰ ਇੱਕ ਅਨੁਭਵ ਕਰਦੇ ਹਨ ਲੇਕਿਨ ਸਾਇੰਸ ਦੀ ਸ਼ਕਤੀ ਨਿਕਲੀ ਕਿਸ ਤੋਂ? ਸਾਈਲੈਂਸ ਦੀ ਸ਼ਕਤੀ ਤੋਂ ਨਾ! ਜਦ ਸਾਇੰਸ ਦੀ ਸ਼ਕਤੀ ਅਲਪਕਾਲ ਦੇ ਲਈ ਪ੍ਰਾਪਤੀ ਕਰਵਾ ਰਹੀ ਹੈ, ਤਾਂ ਸਾਈਲੈਂਸ ਦੀ ਸ਼ਕਤੀ ਕਿੰਨੀ ਪ੍ਰਾਪਤੀ ਕਰਾਵੇਗੀ। ਤਾਂ ਬਾਪ ਦੀ ਦਿਵਿਯ ਦ੍ਰਿਸ਼ਟੀ ਦਵਾਰਾ ਖੁਦ ਵਿੱਚ ਸ਼ਕਤੀ ਜਮਾਂ ਕਰੋ। ਤਾਂ ਫਿਰ ਜਮਾਂ ਕੀਤਾ ਹੋਇਆ ਸਮੇਂ ਤੇ ਦੇ ਸਕੋਗੇ। ਆਪਣੇ ਲਈ ਹੀ ਜਮਾਂ ਕੀਤਾ ਅਤੇ ਕੰਮ ਵਿੱਚ ਲਗਾ ਦਿੱਤਾ ਮਤਲਬ ਕਮਾਇਆ ਅਤੇ ਖਾਇਆ। ਜੋ ਕਮਾਉਂਦੇ ਹਨ ਅਤੇ ਖਾਕੇ ਖਤਮ ਕਰ ਦਿੰਦੇ ਹਨ ਉਨ੍ਹਾਂ ਦਾ ਕਦੇ ਜਮਾਂ ਨਹੀਂ ਹੁੰਦਾ। ਅਤੇ ਜਿਸ ਦਾ ਜਮਾਂ ਦਾ ਖਾਤਾ ਨਹੀਂ ਹੁੰਦਾ ਉਸਨੂੰ ਸਮੇਂ ਤੇ ਧੋਖਾ ਮਿਲਦਾ ਹੈ। ਧੋਖਾ ਮਿਲੇਗਾ ਤਾਂ ਦੁਖ ਦੀ ਪ੍ਰਾਪਤੀ ਹੋਵੇਗੀ। ਇਵੇਂ ਹੀ ਸਾਈਲੈਂਸ ਦੀ ਸ਼ਕਤੀ ਜਮਾਂ ਨਹੀਂ ਹੋਵੇਗੀ, ਦ੍ਰਿਸ਼ਟੀ ਦੇ ਮਹੱਤਵ ਦਾ ਅਨੁਭਵ ਨਹੀਂ ਹੋਵੇਗਾ ਤਾਂ ਲਾਸ੍ਟ ਸਮੇਂ ਸ੍ਰੇਸ਼ਠ ਪਦਵੀ ਪ੍ਰਾਪਤ ਕਰਨ ਵਿੱਚ ਧੋਖਾ ਖਾ ਲੈਣਗੇ। ਫਿਰ ਦੁਖ ਹੋਵੇਗਾ, ਪਸ਼ਚਾਤਾਪ ਹੋਵੇਗਾ ਇਸਲਈ ਹੁਣੇ ਤੋਂ ਬਾਪ ਦੀ ਦ੍ਰਿਸ਼ਟੀ ਦਵਾਰਾ ਪ੍ਰਾਪਤ ਹੋਈਆਂ ਸ਼ਕਤੀਆਂ ਨੂੰ ਅਨੁਭਵ ਕਰਦੇ ਜਮਾਂ ਕਰਦੇ ਰਹੋ। ਤਾਂ ਜਮਾਂ ਕਰਨਾ ਆਉਂਦਾ ਹੈ? ਜਮਾਂ ਹੋਣ ਦੀ ਨਿਸ਼ਾਨੀ ਕੀ ਹੋਵੇਗੀ? ਨਸ਼ਾ ਹੋਵੇਗਾ। ਜਿਵੇਂ ਸ਼ਾਹੂਕਾਰ ਲੋਕਾਂ ਦੇ ਚੱਲਣ, ਬੈਠਣ, ਉੱਠਣ ਵਿੱਚ ਨਸ਼ਾ ਵਿਖਾਈ ਦਿੰਦਾ ਹੈ ਅਤੇ ਜਿੰਨਾਂ ਨਸ਼ਾ ਹੁੰਦਾ ਉਤਨੀ ਖੁਸ਼ੀ ਵੀ ਹੁੰਦੀ ਹੈ। ਤਾਂ ਇਹ ਹੈ ਰੂਹਾਨੀ ਨਸ਼ਾ। ਇਸ ਨਸ਼ੇ ਵਿੱਚ ਰਹਿਣ ਨਾਲ ਖੁਸ਼ੀ ਆਪੇ ਹੋਵੇਗੀ। ਖੁਸ਼ੀ ਹੀ ਜਨਮ ਸਿੱਧ ਅਧਿਕਾਰ ਹੈ। ਸਦਾ ਖੁਸ਼ੀ ਦੀ ਝਲਕ ਨਾਲ ਹੋਰਾਂ ਨੂੰ ਵੀ ਰੂਹਾਨੀ ਝਲਕ ਵਿਖਾਉਣ ਵਾਲੇ ਬਣੋਂ। ਇਸੇ ਵਰਦਾਨ ਨੂੰ ਸਦਾ ਸਮ੍ਰਿਤੀ ਵਿੱਚ ਰੱਖਣਾ। ਕੁਝ ਵੀ ਹੋ ਜਾਵੇ - ਖੁਸ਼ੀ ਦੇ ਵਰਦਾਨ ਨੂੰ ਖੋਣਾ ਨਹੀਂ। ਸਮੱਸਿਆ ਆਵੇਗੀ ਅਤੇ ਜਾਵੇਗੀ ਲੇਕਿਨ ਖੁਸ਼ੀ ਨਹੀਂ ਜਾਵੇ ਕਿਉਂਕਿ ਖੁਸ਼ੀ ਸਾਡੀ ਚੀਜ ਹਰ, ਸਮੱਸਿਆ ਪ੍ਰਸਥਿਤੀ ਹੈ, ਦੂਜੇ ਦੇ ਵਲੋਂ ਆਈ ਹੋਈ ਹੈ। ਆਪਣੀ ਚੀਜ ਨੂੰ ਤੇ ਸਦਾ ਨਾਲ ਰੱਖਦੇ ਹਾਂ ਨਾ। ਪਰਾਈ ਚੀਜ ਤਾਂ ਆਵੇਗੀ ਅਤੇ ਜਾਵੇਗੀ ਵੀ। ਪ੍ਰਸਥਿਤੀ ਮਾਇਆ ਦੀ ਹੈ, ਆਪਣੀ ਨਹੀਂ ਹੈ। ਆਪਣੀ ਚੀਜ ਨੂੰ ਗਵਾਉਣਾ ਨਹੀਂ ਹੁੰਦਾ ਹੈ। ਤਾਂ ਖੁਸ਼ੀ ਨੂੰ ਗਵਾਉਣਾ ਨਹੀਂ ਹੈ। ਭਾਵੇਂ ਇਹ ਸ਼ਰੀਰ ਵੀ ਚਲਾ ਜਾਵੇ ਲੇਕਿਨ ਖੁਸ਼ੀ ਨਹੀਂ ਜਾਵੇ। ਖੁਸ਼ੀ ਨਾਲ ਸ਼ਰੀਰ ਵੀ ਜਾਵੇਗਾ ਤਾਂ ਵਧੀਆ ਮਿਲੇਗਾ, ਤਾਂ ਗੁਜਰਾਤ ਅਤੇ ਮਹਾਰਾਸ਼ਟਰ ਵਾਲੇ ਇਸ ਮਹਾਨਤਾ ਵਿੱਚ ਸਦਾ ਰਹਿਣਾ। ਖੁਸ਼ੀ ਵਿੱਚ ਮਹਾਨ ਬਣਨਾ। ਅੱਛਾ।

ਆਂਧਰਾ ਪ੍ਰਦੇਸ਼ - ਕਰਨਾਟਕ ਗ੍ਰਪ :- ਇਸ ਡਰਾਮਾ ਦੇ ਅੰਦਰ ਵਿਸ਼ੇਸ਼ ਪਾਰਟ ਵਜਾਉਣ ਵਾਲੀਆਂ ਵਿਸ਼ੇਸ਼ ਆਤਮਾਵਾਂ ਹਾਂ - ਅਜਿਹਾ ਮਹਿਸੂਸ ਕਰਦੇ ਹੋ? ਜਦ ਖ਼ੁਦ ਨੂੰ ਵਿਸ਼ੇਸ਼ ਆਤਮਾ ਸਮਝਦੇ ਹੋ ਤਾਂ ਬਣਾਉਣ ਵਾਲਾ ਬਾਪ ਖੁਦ ਹੀ ਯਾਦ ਰਹਿੰਦਾ ਹੈ, ਯਾਦ ਸਹਿਜ ਲਗਦੀ ਹੈ ਕਿਉਂਕਿ 'ਸਬੰਧ' ਯਾਦ ਦਾ ਆਧਾਰ ਹੈ। ਜਿੱਥੇ ਸਬੰਧ ਹੁੰਦਾ ਹੈ ਉੱਥੇ ਯਾਦ ਖ਼ੁਦ ਸਹਿਜ ਹੋ ਜਾਂਦੀ ਹੈ। ਜਦੋਂ ਸਾਰੇ ਸੰਬੰਧ ਇੱਕ ਬਾਪ ਨਾਲ ਹੋ ਗਏ ਹੋਰ ਕੋਈ ਰਿਹਾ ਹੀ ਨਹੀਂ। ਇੱਕ ਬਾਪ ਸ੍ਰਵ ਸੰਬੰਧੀ ਹੈ - ਇਸ ਸਮ੍ਰਿਤੀ ਨਾਲ ਸਹਿਜ ਯੋਗੀ ਬਣ ਗਏ। ਕਦੇ ਮੁਸ਼ਕਿਲ ਤੇ ਨਹੀਂ ਲਗਦਾ? ਜਦੋਂ ਮਾਇਆ ਦਾ ਵਾਰ ਹੁੰਦਾ ਹੈ ਤਾਂ ਮੁਸ਼ਕਿਲ ਲਗਦਾ ਹੈ? ਮਾਇਆ ਨੂੰ ਸਦਾ ਦੇ ਲਈ ਵਿਧਾਈ ਦੇਣ ਵਾਲੇ ਬਣੋਂ। ਜਦੋਂ ਮਾਇਆ ਨੂੰ ਵਿਧਾਈ ਦਵੋਗੇ ਤਾਂ ਬਾਪ ਦੀਆਂ ਵਧਾਈਆਂ ਬਹੁਤ ਅੱਗੇ ਵਧਾਉਣਗੀਆਂ। ਭਗਤੀ ਮਾਰਗ ਵਿੱਚ ਕਿੰਨੀ ਵਾਰੀ ਮੰਗਿਆ ਕਿ ਦੁਆਵਾਂ ਦਵੋ, ਬਲੈਸਿੰਗ ਦਵੋ। ਲੇਕਿਨ ਹੁਣ ਬਾਪ ਤੋਂ ਬਲੈਸਿੰਗ ਲੈਣ ਦਾ ਸਹਿਜ ਸਾਧਨ ਦੱਸ ਦਿੱਤਾ ਹੈ - ਜਿੰਨਾਂ ਮਾਇਆ ਨੂੰ ਵਿਦਾਈ ਦਵੋਗੇ ਉਤਨੀ ਬਲੈਸਿੰਗ ਆਪੇ ਹੀ ਮਿਲੇਗੀ। ਪਰਮਾਤਮ ਦੁਆਵਾਂ ਇੱਕ ਜਨਮ ਨਹੀਂ ਪਰ ਅਨੇਕ ਜਨਮ ਸ੍ਰੇਸ਼ਠ ਬਣਾਉਂਦੀ ਹੈ। ਸਦਾ ਇਹ ਸਮ੍ਰਿਤੀ ਵਿੱਚ ਰੱਖਣਾ ਕਿ ਅਸੀਂ ਹਰ ਕਦਮ ਵਿੱਚ ਬਾਪ ਦੀ, ਬ੍ਰਾਹਮਣ ਪਰਿਵਾਰ ਦੀ ਦੁਆਵਾਂ ਲੈਂਦੇ ਸਹਿਜ ਉੱਡਦੇ ਚਲੀਏ। ਡਰਾਮਾ ਵਿੱਚ ਵਿਸ਼ੇਸ਼ ਆਤਮਾਵਾਂ ਹੋ, ਵਿਸ਼ੇਸ਼ ਕਰਮ ਕਰ ਅਨੇਕ ਜਨਮਾਂ ਦੇ ਲਈ ਵਿਸ਼ੇਸ਼ ਪਾਰਟ ਵਜਾਉਣ ਵਾਲੇ ਹੋ। ਸਧਾਰਨ ਕਰਮ ਨਹੀਂ ਵਿਸ਼ੇਸ਼ ਕਰਮ, ਵਿਸ਼ੇਸ਼ ਸੰਕਲਪ ਅਤੇ ਵਿਸ਼ੇਸ਼ ਬੋਲ ਹੋਣ। ਤਾਂ ਆਂਧਰਾ ਵਾਲੇ ਵਿਸ਼ੇਸ਼ ਸੇਵਾ ਇਹ ਹੀ ਕਰੋ ਕਿ ਆਪਣੇ ਸ੍ਰੇਸ਼ਠ ਕਰਮ ਦਵਾਰਾ, ਆਪਣੇ ਵਿਸ਼ੇਸ਼ ਪਰਿਵਰਤਨ ਦਵਾਰਾ ਅਨੇਕ ਆਤਮਾਵਾਂ ਨੂੰ ਪਰਿਵਰਤਨ ਕਰੋ। ਆਪਣੇ ਨੂੰ ਆਈਨਾ ਬਨਾਓ ਅਤੇ ਤੁਹਾਡੇ ਆਈਨੇ ਵਿੱਚ ਬਾਪ ਵਿਖਾਈ ਦੇਵੇ। ਅਜਿਹੀ ਵਿਸ਼ੇਸ਼ ਸੇਵਾ ਕਰੋ। ਤਾਂ ਇਹ ਹੀ ਯਾਦ ਰੱਖਣਾ ਕਿ ਮੈਂ ਦਿਵਿਯ ਆਈਨਾ ਹਾਂ, ਮੇਰੇ ਆਈਨੇ ਦਵਾਰਾ ਬਾਪ ਹੀ ਵਿਖਾਈ ਦੇਵੇ। ਸਮਝਾ। ਅੱਛਾ।

ਵਰਦਾਨ:- ਸਦਾ ਇੱਕਰਸ ਸਥਿਤੀ ਦੇ ਤਖ਼ਤ ਤੇ ਵਿਰਾਜਮਾਨ ਰਹਿਣ ਵਾਲੇ ਬਾਪਦਾਦਾ ਦੇ ਦਿਲਤਖਤ ਨਸ਼ੀਨ ਭਵ

ਸਭ ਤੋਂ ਸ੍ਰੇਸ਼ਠ ਤਖ਼ਤ ਬਾਪਦਾਦਾ ਦੇ ਦਿਲਤਖ਼ਤ ਨਸ਼ੀਨ ਬਣਨਾ ਹੈ। ਲੇਕਿਨ ਇਸ ਤਖ਼ਤ ਤੇ ਬੈਠਣ ਦੇ ਲਈ ਅਚਲ, ਅਡੋਲ, ਇੱਕਰਸ ਸਥਿਤੀ ਦਾ ਤਖਤ ਚਾਹੀਦਾ ਹੈ। ਜੇਕਰ ਇਸ ਸਥਿਤੀ ਦੇ ਤਖਤ ਤੇ ਸਥਿਤ ਨਹੀਂ ਹੋ ਪਾਉਂਦੇ ਤਾਂ ਬਾਪਦਾਦਾ ਦੇ ਦਿਲਰੂਪੀ ਤਖ਼ਤ ਤੇ ਸਥਿਤ ਨਹੀਂ ਹੋ ਸਕਦੇ। ਇਸਲਈ ਆਪਣੇ ਭ੍ਰਿਕੁਟੀ ਦੇ ਤਖਤ ਤੇ ਅਕਾਲਮੂਰਤ ਬਣ ਸਥਿਤ ਹੋ ਜਾਵੋ, ਇਸ ਤਖ਼ਤ ਤੋਂ ਬਾਰ - ਬਾਰ ਡਗਮਗ ਨਾ ਹੋਵੋ ਤਾਂ ਬਾਪਦਾਦਾ ਦੇ ਦਿਲਤਖ਼ਤ ਤੇ ਵਿਰਾਜਮਾਨ ਹੋ ਸਕੋਗੇ।

ਸਲੋਗਨ:- ਸ਼ੁਭਚਿੰਤਨ ਦਵਾਰਾ ਨੈਗੇਟਿਵ ਨੂੰ ਪੋਜਟਿਵ ਵਿੱਚ ਪਰਿਵਰਤਨ ਕਰੋ।

******